# ਪੀ ਏ ਯੂ ਨੇ ਕੀਤੀਆਂ ਕਣਕ ਦੀਆਂ 3 ਨਵੀਆਂ ਕਿਸਮਾਂ ਵਿਕਸਿਤ; ਲਾਉਣ ਦੀ ਸਿਫ਼ਾਰਿਸ਼

ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ ਏ ਯੂ), ਲੁਧਿਆਣਾ ਨੇ ਬਰਸੀਮ ਅਤੇ ਜਵੀਂ ਦੀ ਇੱਕ-ਇੱਕ ਨਵੀਂ ਕਿਸਮ ਅਤੇ ਕਣਕ ਦੀਆਂ ਤਿੰਨ ਨਵੀਆਂ ਕਿਸਮਾਂ ਵਿਕਸਿਤ ਕੀਤੀਆਂ ਹਨ, ਜਿਨ੍ਹਾਂ ਦੀ ਸਿਫ਼ਾਰਿਸ਼ ਪੰਜਾਬ ਵਿੱਚ ਆਮ ਕਾਸ਼ਤ ਲਈ ਕੀਤੀ ਗਈ ਹੈ। ਕਣਕ ਦੀਆਂ ਨਵੀਆਂ ਕਿਸਮਾਂ ਹਨ ਪੀ ਬੀ ਡਬਲਯੂ 803, ਪੀ ਬੀ ਡਬਲਯੂ 824 ਅਤੇ ਪੀ ਬੀ ਡਬਲਯੂ 869; ਬਰਸੀਮ ਦਾ ਨਵੀਂ ਕਿਸਮ ਹੈ ਬੀ ਐਲ 44 ਅਤੇ ਜਵੀਂ ਦੀ ਨਵੀਂ ਕਿਸਮ ਹੈ ਓ ਐਲ 15।

ਪੰਜਾਬ ਖੇਤੀਬਾੜੀ ਡਾਇਰੈਕਟਰ ਸੁਖਦੇਵ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ ਰਾਜ ਕਿਸਮ ਪ੍ਰਵਾਨਗੀ ਕਮੇਟੀ (ਐਸ ਵੀ ਏ ਸੀ) ਦੀ ਮੀਟਿੰਗ ਦੌਰਾਨ ਇਨ੍ਹਾਂ ਕਿਸਮਾਂ ਨੂੰ ਪ੍ਰਵਾਨਗੀ ਦਿੱਤੀ ਗਈ। ਪੀ ਏ ਯੂ ਦੇ ਖੋਜ ਡਾਇਰੈਕਟਰ ਨਵਤੇਜ ਸਿੰਘ ਬੈਂਸ ਅਤੇ ਡਾਇਰੈਕਟਰ ਪਸਾਰ ਸਿੱਖਿਆ ਜਸਕਰਨ ਸਿੰਘ ਮਾਹਲ ਦੇ ਅਨੁਸਾਰ, ਸਾਰੀਆਂ ਕਿਸਮਾਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ।

ਪੰਜਾਬ ਦੇ ਦੱਖਣ-ਪੱਛਮੀ ਖੇਤਰ, ਜਿਸ ਵਿੱਚ ਬਠਿੰਡਾ, ਫ਼ਰੀਦਕੋਟ, ਫ਼ਾਜ਼ਿਲਕਾ, ਫਿਰੋਜ਼ਪੁਰ, ਮਾਨਸਾ ਅਤੇ ਮੁਕਤਸਰ ਜ਼ਿਲ੍ਹੇ ਸ਼ਾਮਿਲ ਹਨ, ਵਿੱਚ ਸਿੰਜਾਈ ਵਾਲੇ ਸਮੇਂ ਸਿਰ ਬੀਜੇ ਹਾਲਾਤ ਵਿੱਚ ਕਣਕ ਦੀ ਕਿਸਮ ਪੀ ਬੀ ਡਬਲਯੂ 803 ਲਾਉਣ ਦੀ ਸਿਫਾਰਿਸ਼ ਕੀਤੀ ਗਈ ਹੈ। ਇਸਦੇ ਬੂਟਿਆਂ ਦੀ ਔਸਤ ਉਚਾਈ 100 ਸੈਂਟੀਮੀਟਰ ਹੈ, ਅਤੇ ਇਹ ਲਗਭਗ 151 ਦਿਨਾਂ ਵਿੱਚ ਵਾਢੀ ਲਈ ਤਿਆਰ ਹੋ ਜਾਂਦੀ ਹੈ।

ਪੀ ਬੀ ਡਬਲਯੂ 803 ਭੂਰੀ ਕੁੰਗੀ ਦਾ ਟਾਕਰਾ ਕਰਦੀ ਹੈ, ਅਤੇ ਪੀਲੀ ਕੁੰਗੀ ਦਾ ਦਰਮਿਆਨੀ ਹੱਦ ਤਕ ਟਾਕਰਾ ਕਰਦੀ ਹੈ। ਇਸਦਾ ਔਸਤ ਝਾੜ 22.7 ਕੁਇੰਟਲ ਪ੍ਰਤੀ ਏਕੜ ਹੈ। ਦਰਮਿਆਨੀ

ਮਿਆਦ ਦੀ ਕਿਸਮ ਹੋਣ ਕਰਕੇ, ਇਹ ਤਣਾਅ ਦੇ ਅਸਰ ਹੇਠ ਵਾਲੇ ਦੱਖਣੀ-ਪੱਛਮੀ ਪੰਜਾਬ ਦੇ ਖੇਤਰਾਂ ਵਿੱਚ ਬਿਹਤਰ ਕਾਰਗੁਜ਼ਾਰੀ ਦਿਖਾਉਂਦੀ ਹੈ।

ਕਣਕ ਦੀ ਕਿਸਮ ਪੀ ਬੀ ਡਬਲਯੂ 824 ਦੀ ਸਿਫ਼ਾਰਿਸ਼ ਪੰਜਾਬ ਵਿੱਚ ਲਾਉਣ ਲਈ ਸਿੰਜਾਈ ਵਾਲੇ ਸਮੇਂ ਸਿਰ ਬੀਜੇ ਹਾਲਤ ਵਿੱਚ ਕੀਤੀ ਗਈ ਹੈ। ਇਸਦੇ ਬੂਟਿਆਂ ਦੀ ਔਸਤ ਉਚਾਈ 104 ਸੈਂਟੀਮੀਟਰ ਹੈ ਅਤੇ ਇਹ ਲਗਭਗ 156 ਦਿਨਾਂ ਵਿੱਚ ਵਾਢੀ ਲਈ ਤਿਆਰ ਹੋ ਜਾਂਦੀ ਹੈ।

ਪੀ ਬੀ ਡਬਲਯੂ 824 ਭੂਰੀ ਕੁੰਗੀ ਦਾ ਟਾਕਰਾ ਕਰਦੀ ਹੈ, ਅਤੇ ਪੀਲੀ ਕੁੰਗੀ ਦਾ ਦਰਮਿਆਨੀ ਹੱਦ ਤਕ ਟਾਕਰਾ ਕਰਦੀ ਹੈ। ਇਹ ਕਿਸਮ ਦਾ ਔਸਤ ਝਾੜ 23.3 ਕੁਇੰਟਲ ਪ੍ਰਤੀ ਏਕੜ ਹੈ। ਇਸਦਾ ਹੈਕਟੋਲੀਟਰ ਭਾਰ ਵੀ ਵੱਧ ਹੈ।

ਬੌਰਲੌਗ ਇੰਸਟੀਚਿਊਟ ਫਾਰ ਸਾਊਥ ਏਸ਼ੀਆ (ਬੀ ਆਈ ਐਸ ਏ), ਲੁਧਿਆਣਾ ਅਤੇ ਪੀ ਏ ਯੂ ਵੱਲੋਂ ਕੀਤੀ ਗਈ ਖੋਜ ਅਤੇ ਅਨੁਕੂਲ ਅਜ਼ਮਾਇਸ਼ਾਂ ਦੇ ਅਧਾਰ 'ਤੇ ਕਣਕ ਦੀ ਕਿਸਮ ਪੀ ਬੀ ਡਬਲਯੂ 869 ਦੀ ਬਿਜਾਈ ਦੀ ਸਿਫ਼ਾਰਿਸ਼, ਹੈਪੀ ਸੀਡਰ/ਸੁਪਰ ਸੀਡਰ ਨਾਲ ਝੋਨੇ ਦੀ ਰਹਿੰਦ-ਖੂੰਦ ਦੀ ਸੰਭਾਲ ਕੀਤੇ ਹੋਏ ਖੇਤਾਂ ਲਈ ਕੀਤੀ ਗਈ ਹੈ। ਇਸਦੇ ਬੂਟਿਆਂ ਦੀ ਔਸਤ ਉਚਾਈ 101 ਸੈਂਟੀਮੀਟਰ ਹੈ ਅਤੇ ਇਹ ਲਗਭਗ 158 ਦਿਨਾਂ ਵਿੱਚ ਵਾਢੀ ਲਈ ਤਿਆਰ ਹੋ ਜਾਂਦੀ ਹੈ।

ਪੀ ਬੀ ਡਬਲਯੂ 869 ਭੂਰੀ ਕੁੰਗੀ ਦਾ ਟਾਕਰਾ ਕਰਦੀ ਹੈ, ਅਤੇ ਪੀਲੀ ਕੁੰਗੀ ਦਾ ਦਰਮਿਆਨੀ ਹੱਦ ਤਕ ਟਾਕਰਾ ਕਰਦੀ ਹੈ। ਇਸਦਾ ਔਸਤ ਝਾੜ 23.2 ਕੁਇੰਟਲ ਪ੍ਰਤੀ ਏਕੜ ਹੈ। ਇਸਦਾ 1000-ਅਨਾਜ ਭਾਰ ਵੱਧ ਹੈ ਅਤੇ ਇਸਦਾ ਕੋਲੀਓਪਟਾਈਲ ਲੰਮਾ ਹੈ।

ਬੀ ਐਲ 44 ਵੱਧ ਬੂਝਾ ਮਾਰਨ ਅਤੇ ਤੇਜ਼ੀ ਨਾਲ ਵਧਣ ਵਾਲੀ ਬਰਸੀਮ ਦੀ ਕਿਸਮ ਹੈ। ਸ਼ੋਧ ਦੌਰਾਨ ਬੀ ਐਲ 44 ਦਾ ਹਰੇ ਚਾਰੇ ਦਾ ਝਾੜ ਬੀ ਐਲ 43 ਕਿਸਮ ਨਾਲੋਂ 5.9% ਵੱਧ ਹੋਇਆ ਅਤੇ ਇਸਨੇ ਬਿਹਤਰ ਖੁਰਾਕੀ ਗੁਣ ਵੀ ਦਿਖਾਏ।

ਜਵੀਂ ਦੀ ਕਿਸਮ ਓ ਐਲ 15, ਪੰਜਾਬ ਦੇ ਸਿੰਜਾਈ ਵਾਲੇ ਖੇਤਰਾਂ ਲਈ ਇੱਕ-ਕਟਾਈ ਵਾਲੀ ਕਿਸਮ ਹੈ। ਇਸਦੇ ਬੂਟੇ ਉੱਚੇ ਅਤੇ ਇਸਦੇ ਪੱਤੇ ਲੰਮੇ ਅਤੇ ਚੌੜੇ ਹਨ ਅਤੇ ਇਸ ਵਿੱਚ ਵੱਧ ਬੂਝਾ ਮਾਰਨ ਦੀ ਯੋਗਤਾ ਹੈ।

ਇਸ ਦੇ ਚਾਰੇ ਦੀ ਗੁਣਵੱਤਾ ਓ ਐਲ 12 ਅਤੇ ਕੈਂਟ ਕਿਸਮਾਂ ਨਾਲੋਂ ਵੱਧ ਅਤੇ ਓ ਐਲ 13 ਦੇ ਬਰਾਬਰ ਹੈ। ਔਸਤਨ, ਓ ਐਲ 15 ਕਿਸਮ ਪ੍ਰਤੀ ਏਕੜ ਲਗਭਗ 309 ਕੁਇੰਟਲ ਹਰਾ ਚਾਰਾ ਦਿੰਦੀ ਹੈ। ਇਸ ਦੀ ਬੀਜ ਪੈਦਾਵਾਰ ਲਗਭਗ 9.8 ਕੁਇੰਟਲ ਪ੍ਰਤੀ ਏਕੜ ਹੈ।